Roll No. ..................



Total No. of Questions : 13]

[Total No. of Printed Pages : 3

**X**

**2037**

**ਸਲਾਨਾ ਪਰੀਖਿਆ ਪ੍ਰਨਾਲੀ**

**PUNJABI**

**Paper–B**

**(Morning Session)**

Time allowed : Three hours

Maximum marks : 50

**ਨੋਟ** : *(i)* *ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲ਼ੇ ਖ਼ਾਨੇ ਵਿੱਚ ਵਿਸ਼ਾ-ਕੋਡ/ਪੇਪਰ-ਕੋਡ* **72/A** *ਜ਼ਰੂਰ ਦਰਜ ਕਰੋ ਜੀ ।*

*(ii)* *ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 26 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।*

*(iii)* *ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।*

*(iv)* *ਕੋਈ ਵਾਧੂ ਸ਼ੀਟ ਨਹੀਂ ਮਿਲੇਗੀ । ਇਸ ਲਈ ਉੱਤਰ ਢੁਕਵੇਂ ਹੀ ਲਿਖੋ ਅਤੇ ਲਿਖਿਆ ਉੱਤਰ ਨਾ ਕੱਟੋ ।*

*(v)* ***ਸਾਰੇ ਪ੍ਰਸ਼ਨ ਜ਼ਰੂਰੀ ਹਨ ।***

*(vi)* *ਪ੍ਰਸ਼ਨ ਦਾ ਉੱਤਰ ਖ਼ਤਮ ਹੋਣ 'ਤੇ ਇੱਕ ਲਾਈਨ ਲਾ ਦਿਓ ।*

*(vii)* *ਪ੍ਰਸ਼ਨਾਂ ਦੇ ਉੱਤਰ ਪਾਠ-ਪੁਸਤਕਾਂ 'ਤੇ ਆਧਾਰਿਤ ਹੋਣੇ ਚਾਹੀਦੇ ਹਨ ।*

**1.** **ਵਸਤੂਨਿਸ਼ਠ ਪ੍ਰਸ਼ਨ :**

(ੳ) ਕਿਸੇ ਭਾਸ਼ਾ ਵਿੱਚ ਕੰਮ ਕਰਦੇ ਨਿਯਮਾਂ ਨੂੰ ਸਮਝਣ ਵਾਲ਼ੀ ਵਿੱਦਿਆ (ਪੜ੍ਹਾਈ) ਨੂੰ ਕੀ ਕਹਿੰਦੇ ਹਨ ?

(ਅ) ਪੰਜਾਬੀ ਦੀ ਟਕਸਾਲੀ ਬੋਲੀ ਕਿਹੜੀ ਹੈ ?

(ੲ) ਧੁਨੀਆਂ ਕਿੰਨੇ ਪ੍ਰਕਾਰ ਦੀਆਂ ਹੁੰਦੀਆਂ ਹਨ ?

(ਸ) ਨਵੇਂ ਅੱਖਰ ਸ਼ਾਮਲ ਹੋਣ ਨਾਲ਼ ਗੁਰਮੁਖੀ ਲਿਪੀ ਦੇ ਅੱਖਰਾਂ ਦੀ ਕੁੱਲ ਗਿਣਤੀ ਕਿੰਨੀ ਹੋ ਗਈ ਹੈ ?

(ਹ) 'ਚਲੋ ਘਰ ਚੱਲੀਏ ।' ਵਾਕ ਵਿੱਚ ਕਿਸ ਪ੍ਰਕਾਰ ਦੇ ਨਾਂਵ ਦੀ ਵਰਤੋਂ ਹੈ ?

(ਕ) 'ਕਿਸੇ ਨਾਲ਼ ਮਰਿਆ ਨਹੀਂ ਜਾਂਦਾ ।' ਵਾਕ ਕਿਹੜੇ ਵਾਚ ਵਿੱਚ ਹੈ ?

(ਖ) 'ਵਾਹ ਭਈ ਵਾਹ ।' ਵਾਕ ਵਿੱਚ ਕਿਸ ਪ੍ਰਕਾਰ ਦਾ ਵਿਸਮਕ ਹੈ ?

(ਗ) ਜਦੋਂ ਕਿਰਿਆ ਦਾ ਕੰਮ ਬੀਤ ਚੁੱਕੇ ਸਮੇਂ ਵਿੱਚ ਹੋਵੇ ਤਾਂ ਉਸ ਦਾ ਕਾਲ ਕਿਹੜਾ ਹੁੰਦਾ ਹੈ ?

(ਘ) 'ਚੰਗਿਆਈ' ਸ਼ਬਦ ਦਾ ਵਿਰੋਧੀ ਸ਼ਬਦ ਲਿਖੋ ।

(ਙ) 'ਆਥਣ' ਸ਼ਬਦ ਦਾ ਇੱਕ ਸਮਾਨਾਰਥਕ ਸ਼ਬਦ ਲਿਖੋ । 10×½=5

**2.** ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਵਿਸ਼ੇ ਉੱਤੇ ਲਗ-ਪਗ 400 ਸ਼ਬਦਾਂ ਦਾ ਲੇਖ ਲਿਖੋ :

(ੳ) ਗੁਰੂ ਨਾਨਕ ਦੇਵ ਜੀ

(ਅ) ਪੰਜਾਬ ਦੇ ਮੇਲੇ

(ੲ) ਅਜ਼ਾਦੀ ਦਿਵਸ

(ਸ) ਵਿਦਿਆਰਥੀ ਤੇ ਅਨੁਸ਼ਾਸਨ

(ਹ) ਕੰਪਿਊਟਰ । 8

**3.** ਆਪਣੇ ਵੱਡੇ ਭਰਾ/ਕਿਸੇ ਨਜ਼ਦੀਕੀ ਰਿਸ਼ਤੇਦਾਰ ਨੂੰ ਇੱਕ ਪੱਤਰ ਲਿਖੋ ਜਿਸ ਵਿੱਚ ਦਸਵੀਂ ਦੇ ਪੇਪਰ ਦੇਣ ਉਪਰੰਤ ਅਗਲੇਰੀ ਪੜ੍ਹਾਈ ਲਈ ਸਲਾਹ ਦੀ ਮੰਗ ਕੀਤੀ ਗਈ ਹੋਵੇ ।

ਜਾਂ

ਤੁਹਾਡੇ ਸ਼ਹਿਰ ਵਿੱਚ ਬੱਚਿਆਂ ਦੇ ਚੁੱਕੇ ਜਾਣ ਦੀਆਂ ਵਾਰਦਾਤਾਂ ਵਧ ਰਹੀਆਂ ਹਨ । ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਇਸ ਸੰਬੰਧ ਵਿੱਚ ਪੱਤਰ ਲਿਖੋ ਤਾਂ ਜੋ ਲੋਕ ਸੁਚੇਤ ਹੋ ਜਾਣ ਅਤੇ ਸਰਕਾਰ ਇਸ ਬਾਰੇ ਉਚਿਤ ਕਾਰਵਾਈ ਕਰੇ ।

1+3+1=5

**4.** ਹੇਠ ਲਿਖੇ ਪੈਰੇ ਦੀ ਸੰਖੇਪ-ਰਚਨਾ ਲਗ-ਪਗ ਇੱਕ-ਤਿਹਾਈ ਸ਼ਬਦਾਂ ਵਿੱਚ ਲਿਖੋ ਅਤੇ ਢੁਕਵਾਂ ਸਿਰਲੇਖ ਵੀ ਦਿਓ :

ਕਿਸੇ ਵਿਅਕਤੀ ਨੂੰ ਉਸ ਦੀ ਗਲਤੀ ਦਾ ਅਹਿਸਾਸ ਵੀ ਉਹ ਹੀ ਕਰਵਾ ਸਕਦਾ ਹੈ ਜਿਸ ਨੂੰ ਉਸ ਦੇ ਵਿਗੜਨ ਦਾ ਦੁੱਖ ਹੈ ਅਤੇ ਉਹ ਵਿਗੜੇ ਨੂੰ ਸੁਧਾਰਨ ਦੀ ਲੋੜ ਸਮਝਦਾ ਹੈ । ਜਿਹੜਾ ਉਸ ਦੀ ਤਰੱਕੀ ਦਾ ਚਾਹਵਾਨ ਹੈ, ਉਸ ਦਾ ਭਲਾ ਸੋਚਦਾ ਹੈ । ਉਹ ਉਸ ਨੂੰ ਨਮੂਨਾ ਦੇਵੇ, ਅਹਿਸਾਸ ਕਰਾਏ ਕਿ ਚਿੱਕੜ ਵਿੱਚੋਂ ਬਾਹਰ ਆ ਜਾ । ਉਸ ਨੂੰ ਹੌਸਲਾ ਦੇਵੇ ਕਿ ਅਜੇ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ, ਉਸ ਲਈ ਘਰ ਦੇ ਬੂਹੇ ਬੰਦ ਨਹੀਂ- 'ਭੁੱਲਾ ਉਹ ਨਾ ਜਾਣੀਏ ਜੋ ਮੁੜ ਘਰ ਆਵੇ ।' ਉਹ ਥੋੜ੍ਹਾ ਜਿਹਾ ਵੀ ਹੁੰਗਾਰਾ ਭਰੇ ਤਾਂ ਉਸ ਦੀ ਬਾਂਹ ਫੜ ਲਈ ਜਾਵੇ । ਉਸ ਨੂੰ ਅਹਿਸਾਸ ਕਰਾਇਆ ਜਾਏ ਕਿ ਉਹ ਬਹੁਤ ਕੁਝ ਕਰ ਸਕਦਾ ਹੈ । ਕਿਸੇ ਗਲਤੀ 'ਤੇ ਇਹ ਨਾ ਕਿਹਾ ਜਾਵੇ ਕਿ ਉਸ ਨੇ ਤਾਂ ਨੱਕ ਵਢਾ ਦਿੱਤਾ ਹੈ, ਕੋਈ ਕਿਸੇ ਨੂੰ ਮੂੰਹ ਵਿਖਾਉਣ ਜੋਗਾ ਹੀ ਨਹੀਂ ਰਿਹਾ ਸਗੋਂ ਗਲਤੀ ਸੁਧਾਰਨ ਦੇ ਮੌਕੇ ਤੇ ਸਾਧਨ ਦਿੱਤੇ ਜਾਣ, ਰਾਹ ਦਿੱਤਾ ਜਾਵੇ ਅੱਗੇ ਵਧਣ ਦਾ ਕਿਉਂਕਿ ਨਾ ਕੋਈ ਦੇਵਤਾ ਜੰਮਦਾ ਹੈ ਤੇ ਨਾ ਦੈਂਤ । ਬੱਸ ਸੁਧਾਰ ਲਈ ਉੱਦਮ ਕਰਨ ਦੀ ਲੋੜ ਹੁੰਦੀ ਹੈ । 4+1=5

**5.** ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਅੰਤ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ :

ਮਾਤ-ਭਾਸ਼ਾ ਦੀ ਸਿੱਖਿਆ ਤੋਂ ਬਗ਼ੈਰ ਕੋਈ ਵਿਦਿਆਰਥੀ ਸਿੱਖਿਆ ਦੇ ਖੇਤਰ ਵਿੱਚ ਸ਼ਿਖਰਾਂ ਨਹੀਂ ਛੂਹ ਸਕਦਾ । ਉਹ ਸਾਰੀ ਉਮਰ ਲੰਗੜਾ ਕੇ ਤੁਰਦਾ ਹੈ ਅਤੇ ਆਪਣੇ ਪੈਰਾਂ 'ਤੇ ਸਿੱਧਾ ਖੜ੍ਹਾ ਨਹੀਂ ਹੋ ਸਕਦਾ । ਮਾਤ-ਭਾਸ਼ਾ ਵਿਚਾਰਾਂ ਨੂੰ ਪ੍ਰਗਟਾਉਣ ਦਾ ਇੱਕੋ-ਇੱਕ ਉੱਤਮ ਸਾਧਨ ਹੈ । ਇਹੋ ਕਾਰਨ ਹੈ ਕਿ ਵਿਦਵਾਨਾਂ ਨੇ ਮਾਤ-ਭਾਸ਼ਾ ਨੂੰ ਸਿੱਖਿਆ ਦੇਣ ਦਾ ਯੋਗ ਅਤੇ ਸਹੀ ਮਾਧਿਅਮ ਮੰਨਿਆ ਹੈ । ਕਿਸੇ ਦੂਜੀ ਭਾਸ਼ਾ ਨੂੰ ਸਿੱਖਣ-ਸਿਖਾਉਣ ਵਿੱਚ ਕਾਫ਼ੀ ਸਮਾਂ ਲੱਗ ਜਾਂਦਾ ਹੈ । ਜਿਹੜਾ ਕਿ ਗਿਆਨ-ਵਿਗਿਆਨ ਦੀ ਪ੍ਰਾਪਤੀ ਲਈ ਵਰਤਿਆ ਜਾ ਸਕਦਾ ਹੈ । ਸਿੱਖਿਆ ਦੇ ਖੇਤਰ ਵਿੱਚ ਜਿੰਨੇ ਵੀ ਦਾਰਸ਼ਨਿਕ ਹਨ ਉਹਨਾਂ ਨੇ ਸਦਾ ਮਾਤ-ਭਾਸ਼ਾ ਨੂੰ ਸਿੱਖਿਆ ਦਾ ਮਾਧਿਅਮ ਬਣਾਉਣ ਉੱਤੇ ਜ਼ੋਰ ਦਿੱਤਾ ਹੈ । ਇਹ ਗੱਲ ਬੜੇ ਹੀ ਦੁੱਖ ਨਾਲ਼ ਕਹਿਣੀ ਪੈਂਦੀ ਹੈ ਕਿ ਸਾਡੇ ਦੇਸ-ਵਾਸੀਆਂ ਨੂੰ ਅਜੇ ਤੱਕ ਇਸ ਦੀ ਸਮਝ ਨਹੀਂ ਆਈ । ਅਸੀਂ ਅਜੇ ਵੀ ਵਿਦੇਸ਼ੀ ਭਾਸ਼ਾ ਦੇ ਮਾਧਿਅਮ ਰਾਹੀਂ ਆਪਣੇ ਬੱਚਿਆਂ ਨੂੰ ਸਿੱਖਿਆ ਦਿਵਾਉਣੀ ਚਾਹੁੰਦੇ ਹਾਂ । ਅਮੀਰ ਪਰਿਵਾਰਾਂ ਦੇ ਬੱਚੇ ਅੰਗਰੇਜ਼ੀ ਭਾਸ਼ਾ ਰਾਹੀਂ ਦਿੱਤੀ ਜਾਂਦੀ ਸਿੱਖਿਆ ਪ੍ਰਾਪਤ ਕਰਨ ਵਿੱਚ ਆਪਣੀ ਸ਼ਾਨ ਸਮਝਦੇ ਹਨ । ਸਾਨੂੰ ਇਸ ਸੰਬੰਧੀ ਗੰਭੀਰ ਵਿਚਾਰ ਕਰਨ ਦੀ ਲੋੜ ਹੈ ।

**ਪ੍ਰਸ਼ਨ :**

(ੳ) ਮਾਤ-ਭਾਸ਼ਾ ਤੋਂ ਬਿਨਾਂ ਬੱਚੇ ਦਾ ਕੀ ਹਾਲ ਹੁੰਦਾ ਹੈ ।

(ਅ) ਮਾਤ-ਭਾਸ਼ਾ ਸਿੱਖਿਆ ਦਾ ਯੋਗ ਅਤੇ ਸਹੀ ਸਾਧਨ ਕਿਉਂ ਮੰਨਿਆ ਗਿਆ ਹੈ ?

(ੲ) ਸਿੱਖਿਆ-ਖੇਤਰ ਦੇ ਦਾਰਸ਼ਨਿਕ ਕਿਸ ਭਾਸ਼ਾ ਨੂੰ ਸਿੱਖਿਆ ਦਾ ਮਾਧਿਅਮ ਬਣਾਉਣ 'ਤੇ ਜ਼ੋਰ ਦਿੰਦੇ ਹਨ ?

(ਸ) ਅਮੀਰ ਪਰਿਵਾਰਾਂ ਦੇ ਬੱਚੇ ਕੀ ਸਮਝਦੇ ਹਨ ? 1+1+1+1=4

6. ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕਿਸੇ **ਪੰਜ** ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋ ਕਿ ਅਰਥ ਸਪਸ਼ਟ ਹੋ ਜਾਣ :

ਉੱਚਾ ਸਾਹ ਨਾ ਕੱਢਣਾ, ਅੱਜ-ਕੱਲ੍ਹ ਕਰਨਾ, ਸਿਰ ਉੱਤੋਂ ਪਾਣੀ ਲੰਘਣਾ, ਕੱਪੜਿਆਂ ਤੋਂ ਬਾਹਰ ਹੋਣਾ, ਚੱਠੇ ਖੂਹ ਵਿੱਚ ਪੈਣਾ, ਨੱਕ ਵਿੱਚ ਦਮ ਕਰਨਾ, ਪਾਪੜ ਵੇਲਣਾ, ਲਾਲ ਪੀਲ਼ਾ ਹੋਣਾ, ਵਾਲ਼ ਦੀ ਖੱਲ ਲਾਹੁਣਾ, ਕੰਨਾਂ ਦੇ ਕੱਚੇ ਹੋਣਾ । 5

7. ਵਿਸਰਾਮ ਚਿੰਨ੍ਹ ਲਾ ਕੇ ਦੁਬਾਰਾ ਲਿਖੋ :

ਵਿਦਿਆਰਥੀਓ ਨਕਲ ਦੀ ਥਾਂ ਸਦਾ ਅਕਲ ਦੀ ਵਰਤੋਂ ਕਰੋ ਅਧਿਆਪਕ ਨੇ ਕਿਹਾ 2

8. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ :

(ੳ) ਵਿਆਕਰਨ ਦਾ ਮੰਤਵ ਕੀ ਹੈ ?

(ਅ) ਬੋਲ-ਚਾਲ ਦੀ ਬੋਲੀ ਤੋਂ ਕੀ ਭਾਵ ਹੈ ?

(ੲ) ਨਾਸਿਕੀ ਵਿਅੰਜਨ ਕਿਸ ਨੂੰ ਆਖਦੇ ਹਨ ? ਪੰਜਾਬੀ ਦੇ ਨਾਸਿਕੀ ਵਿਅੰਜਨ ਲਿਖੋ । 3

9. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

(ੳ) ਵਰਨ ਜਾਂ ਅੱਖਰ ਕਿਸ ਨੂੰ ਕਹਿੰਦੇ ਹਨ ?

(ਅ) ਗੁਰਮੁਖੀ ਲਿਪੀ ਤੇ ਵਰਨ-ਮਾਲ਼ਾ ਵਿੱਚ ਕੀ ਅੰਤਰ ਹੈ ? 2

10. (ੳ) ਵਿਸ਼ੇਸ਼ਣ ਜਾਂ ਕਿਰਿਆ ਦੀ ਪਰਿਭਾਸ਼ਾ ਉਦਾਹਰਨਾਂ ਸਹਿਤ ਦਿਓ ।

(ਅ) ਵਿਸਮਕ ਦੀਆਂ ਦੋ ਕਿਸਮਾਂ ਉਦਾਹਰਨਾਂ ਸਹਿਤ ਲਿਖੋ । 2+2=4

11. ਹੇਠ ਲਿਖੇ ਵਾਕ ਨੂੰ ਵਚਨ ਤੇ ਲਿੰਗ ਬਦਲਣ ਉਪਰੰਤ ਦੋ ਵੱਖੋ-ਵੱਖਰੇ ਵਾਕਾਂ ਵਿੱਚ ਲਿਖੋ :

ਏਕਮ ਵਰਗੇ ਚੰਗੇ ਬੱਚੇ ਲਗਨ ਨਾਲ਼ ਪੜ੍ਹਦੇ ਹਨ । 2

12. ਹੇਠ ਲਿਖੇ ਵਾਕ ਨੂੰ ਭੂਤ-ਕਾਲ ਅਤੇ ਭਵਿੱਖਤ-ਕਾਲ ਵਿੱਚ ਬਦਲਣ ਉਪਰੰਤ ਦੋ ਵੱਖੋ-ਵੱਖਰੇ ਵਾਕਾਂ ਵਿੱਚ ਲਿਖੋ :

ਪੰਛੀ ਸਵੇਰ ਵੇਲ਼ੇ ਚਹਿਚਹਾ ਰਹੇ ਹਨ । 2

13. (ੳ) 'ਫੁੱਲ' ਸ਼ਬਦ ਦੇ ਦੋ ਵੱਖ-ਵੱਖ ਅਰਥ ਦਰਸਾਉਂਦੇ ਵਾਕ ਬਣਾਓ ।

(ਅ) 'ਉਪਕਾਰ' ਸ਼ਬਦ ਦੇ ਦੋ ਸਮਾਨਾਰਥਕ ਸ਼ਬਦ ਲਿਖੋ ।

(ੲ) ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ :

ਜਿਹੜਾ ਕਿਸੇ ਦੀ ਕੀਤੀ ਨਾਂ ਜਾਣੇ । 1+1+1=3